# 'ਪੰਜੇਬਾਂ' ਫਿਲਮ ਇਕ ਪੂਰੀ ਪ੍ਰੇਮ ਕਹਾਣੀ ਸਾਬਿਤ ਹੋਵੇਗੀ - ਮਨਜੀਤ ਸਿੰਘ ਸਰਾਂ

ਮੋਗਾ/ਸੁਖਜੀਵਨ ਕੁੱਸਾ



ਪੰਜਾਬੀ ਸਿਨੇਮੇ ਲਈ ਅੱਜ ਵਧੀਆ ਸਮਾਂ ਚੱਲ ਰਿਹਾ ਹੈ। ਅੱਜ ਚੰਗੀਆਂ ਫਿਲਮਾਂ ਵਧੀਆ ਚੱਲ ਰਹੀਆਂ ਹਨ ਪੂਰੇ ਵਿਸ਼ਵ ਪੱਧਰ ਤੇ ਬਾਲੀਵੁੱਡ ਫਿਲਮਾਂ ਦੀ ਤਰ੍ਹਾਂ ਰਿਲੀਜ਼ ਹੁੰਦੀਆਂ ਹਨ ਤੇ ਬਿਜ਼ਨਸ ਕਰ ਰਹੀਆਂ ਹਨ ਇਹ ਵਿਚਾਰ ਫਿਲਮ ਪ੍ਰੋਡਿਊਸਰ ਡਾਇਰੈਕਟਰ ਮਨਜੀਤ ਸਿੰਘ ਸਰਾਂ ਨੇ ਪ੍ਰੈਸ ਨੂੰ ਜਾਰੀ ਕਰਦੀਆਂ ਦੱਸਿਆ ਕਿ ਜਲਦੀ ਉਹਨਾਂ ਦੀ ਫਿਲਮ ਪੰਜੇਬਾਂ ਸ਼ੂਟਿੰਗ ਲਈ ਸੈਟ ਤੇ ਜਾ ਰਹੀ ਹੈ ਇਹ ਫਿਲਮ ਦਾ ਵੱਡਾ ਬਜਟ ਤੇ ਵੱਡੀ ਸਟਾਰ-ਕਾਸਟ ਬਾਲੀਵੁੱਡ ਚੋ ਕਾਸਟ ਕੀਤੀ ਜਾ ਰਹੀ ਹੈ। ਸਰਾਂ ਨੇ ਦੱਸਿਆ ਕਿ ਇਸ ਫਿਲਮ ਦੀ ਕਹਾਣੀ ਇੱਕ ਪੂਰੀ ਪ੍ਰੇਮ ਕਹਾਣੀ ਸਾਬਿਤ ਹੋਵੇਗੀ। ਜੋ ਦਰਸ਼ਕਾਂ ਦੇ ਦਿਲਾਂ ਵਿੱਚ ਇੱਕ ਪ੍ਰੇਮ ਕਹਾਣੀ ਦੇ ਭੌਰ ਤੇ ਚਿਰਾਂ ਤੱਕ ਰਾਜ ਕਰੇਗੀ। ਫਿਲਮ ਵਿੱਚ ਕਾਮੇਡੀ ਦਾ ਵੀ ਪੂਰਾ-ਪੂਰਾ ਖਿਆਲ ਰੱਖਿਆ ਗਿਆ ਹੈ। ਉਹਨਾਂ ਕਿਹਾ ਕਿ 'ਪੰਜੇਬਾਂ' ਮੁਟਿਆਰ ਦੇ ਸ਼ਿੰਗਾਰ ਦਾ ਇੱਕ ਪ੍ਰਮੁੱਖ ਹਿਸਾ ਹੈ। ਫ਼ਿਲਮ ਕਹਾਣੀ, ਸਕਰੀਨ ਪਲੇਅ, ਡਾਇਲਾਗ ਅਤੇ ਡਾਇਰੈਕਸ਼ਨ ਮਨਜੀਤ ਸਿੰਘ ਸਰਾਂ ਕਰ ਰਹੇ ਹਨ। ਇਸ ਫਿਲਮ ਦੇ ਪ੍ਰੋਡਿਊਸਰ ਥਰੀ ਸਟਾਰ ਇੰਟਰਟ੍ਰੇਨਰ ਲਿਮਿਟਡ ਕਨੇਡਾ ਹਨ। ਜੋ ਫਿਲਮ ਨੂੰ ਤਿਆਰ ਹੋਣ ਉਪਰੰਤ ਵਿਸ਼ਵ-ਪੱਧਰ ਤੇ ਰਿਲੀਜ਼ ਕਰਨਗੇ। ਮਨਜੀਤ ਸਿੰਘ ਸਰਾਂ ਨੇ ਦੱਸਿਆ ਕਿ ਪੰਜਾਬੀ ਟਾਈਟਲ ਹੀ ਪਿਆਰ ਦਾ ਪ੍ਰਤੀਕ ਹਨ। ਇੱਕ ਪੰਜਾਬਣ ਦੀ ਪ੍ਰੇਮ ਕਹਾਣੀ ਪਜੇਬਾਂ ਲੋਕਾਂ ਦੀ ਰੂਹ ਨੂੰ ਛੋਹ ਜਾਵੇਗੀ। ਇਸ ਵਿੱਚ ਬਾਲੀਵੁੱਡ ਸੁਪਰਸਟਾਰ ਨੂੰ ਮੇਨ ਲੀਡ ਲਈ ਸਾਇਨ ਕੀਤਾ ਗਿਆ ਅਤੇ ਇੱਕ ਪੰਜਾਬੀ ਸੰਗੀਤ ਜਗਤ ਦਾ ਚਮਕਦਾ ਸਿਤਾਰਾ ਵੀ ਫਿਲਮ ਲਈ ਸੈਕਿੰਡ ਲੀਡ ਕਰ ਰਿਹਾ ਹੈ। ਫਿਲਮ ਦੇ ਸੰਗੀਤ ਲਈ ਟੈਕਨੀਕਲ ਕੰਮ ਆਰੰਭ ਕਰ ਦਿੱਤੇ ਹਨ। ਸਰਾਂ ਨੇ ਦੱਸਿਆ ਕਿ ਫਿਲਮ ਦੀ ਕਹਾਣੀ ਪ੍ਰੇਮ ਦੇ ਆਧਾਰ ਤੇ ਹਨ। ਜਿਸ ਵਿੱਚ ਫੁਕਰਬਾਜੀ ਜਾਂ ਬੇਸੁਰੇ ਸੰਗੀਤ ਤੋਂ ਪ੍ਰਹੇਜ ਕੀਤਾ ਜਾ ਰਿਹਾ ਹੈ। ਬਿਨਾਂ ਸ਼ੋਰ-ਸ਼ਰਾਬੇ ਤੋਂ ਲੋਕਾਂ ਨੂੰ ਵਧੀਆ ਪ੍ਰੇਮ ਕਹਾਣੀ 'ਪੰਜੇਬਾਂ' ਦੇਖਣ ਨੂੰ ਮਿਲੇਗੀ।




# ਟੀ.ਵੀ. ਤੋਂ ਮੂੰਹ ਮੋੜਕੇ ਲੋਕਾਂ ਦਾ ਰੁਝਾਨ ਰੇਡੀਓ ਵੱਲ ਨੂੰ ਵਧਣ ਲੱਗਾ

## ਟੀ.ਵੀ. ਚੈਨਲਾਂ ਦੇ ਅਸ਼ਲੀਲਤਾ ਭਰੇ ਪ੍ਰੋਗਰਾਮ ਤੋਂ ਦਰਸ਼ਕ ਖ਼ਫ਼ਾ

ਦਿਹਾਤੀ ਖੇਤਰ ਦੇ ਲੋਕਾਂ ਦਾ ਰੁਝਾਨ ਮੁੜ ਤੋਂ ਰੇਡਿਓ ਵੱਲ ਨੂੰ ਵਧਣ ਲੱਗਾ ਹੈ। ਟੀ.ਵੀ. ਦੀ ਆਮਦ ਨਾਲ ਜ਼ਿਆਦਾ ਲੋਕਾਂ ਦਾ ਰੇਡੀਓ ਵੱਲੋਂ ਮੋਹ ਭੰਗ ਹੋ ਗਿਆ ਸੀ ਬਹੁਤ ਪ੍ਰੀਵਾਰਾਂ ਨੇ ਰੇਡੀਓ ਬੇਕਾਰ ਵਸਤੂਆਂ ਵਾਂਗ ਖੂੰਜੇ ਲਗਾ ਦਿੱਤਾ ਗਏ ਸਨ ਪਰ ਦਸ਼ਮੇਸ਼ ਯੂਥ ਕਲੱਬ (ਰਜਿ:) ਬਿਲਸਪੁਰ ਵੱਲੋਂ ਕਰਵਾਏ ਗਏ ਇੱਕ ਸਰਵੇ ਨੇ ਅਸਲੀਅਤ ਨੂੰ ਸਾਹਮਣੇ ਲਿਆਂਦਾ ਹੈ ਕਿ ਰੇਡੀਓ ਵੱਲ ਨੂੰ ਲੋਕਾਂ ਦਾ ਰੁਝਾਨ ਫਿਰ ਵਧਣ ਲੱਗਾ ਹੈ। ਭਾਵੇਂ ਅਜੇ ਵੀ ਟੀ.ਵੀ. ਦੀ ਸਰਦਾਰੀ ਬਰਕਾਰ ਹੈ ਪਰ ਟੀ.ਵੀ. ਚੈਨਲਾਂ ਦੀ ਹੋੜ ਸਦਕਾ ਇੱਕ ਦੂਜੇ ਨੂੰ ਪਛਾੜਨ ਦੇ ਮਨਸ਼ੇ ਨਾਲ ਪ੍ਰੋਗਰਾਮਾਂ ਦੇ ਮਿਆਰਾਂ 'ਚ ਨੀਵਾਂਪਣ ਇਸ ਦੀ ਲੋਕਪ੍ਰਿਅਤਾ ਨੂੰ ਖੋਰਾ ਲਗਾਉਣ ਦਾ ਕਾਰਨ ਬਣਨ ਲੱਗਾ ਹੈ। ਟੀ.ਵੀ. ਚੈਨਲਾਂ ਦੇ ਵਧੇ ਹੋਏ ਮੁਕਾਬਲੇ ਦੇ ਦੌਰ 'ਚ ਚਾਹੀਦਾ ਤਾਂ ਇਹ ਸੀ ਪ੍ਰੋਗਰਾਮਾਂ ਦੇ ਮਿਆਰਾਂ 'ਚ ਸੁਧਾਰ ਆਉਂਦਾ ਪਰ ਉਲਟੇ ਤੌਰ 'ਤੇ ਬਹੁਤ ਪ੍ਰੋਗਰਾਮ ਨੂੰ ਛੱਡਕੇ ਬਾਕੀਆਂ 'ਚ ਅਸ਼ਲੀਲਤਾ ਤੇ ਲੱਚਰਤਾ ਦੀ ਭਰਮਾਰ ਹੈ। ਰਹਿੰਦੀ ਕਸਰ ਮਸ਼ਹੂਰੀਆਂ ਦੇ ਨਾਂ ਹੇਠ ਕੱਢੀ ਜਾ ਰਹੀ ਹੈ। ਜ਼ਿਆਦਾਤਰ ਮਸ਼ਹੂਰੀਆਂ 'ਚ ਨੌਜਵਾਨ ਲੜਕੀਆਂ ਦੇ ਸ਼ਰੀਰਾਂ ਦੀ ਨੁਮਾਇਸ਼ ਲਗਾਈ ਜਾਂਦੀ ਹੈ ਭਾਵੇਂ ਕਿ ਕੁੜੀਆਂ ਨਾਲ ਅਜਿਹੀਆਂ ਚੀਜਾਂ ਦਾ ਕੋਈ ਸਬੰਧ ਨਾ ਹੀ ਹੋਵੇ। ਚੌਵੀ ਘੰਟੇ ਚੱਲਣ ਵਾਲੇ ਨਿਊਜ਼ ਚੈਨਲਾਂ ਤੋਂ ਵੀ ਆਮ ਲੋਕ ਸੰਤੁਸ਼ਟ ਨਹੀਂ ਹਨ। ਇਸ ਦਾ ਮੁੱਖ ਕਾਰਨ ਹੈ ਕਿ ਅਜਿਹੇ ਚੈਨਲ ਖ਼ਬਰਾਂ ਨੂੰ ਸਨਸਨੀਖੇਜ਼ ਬਣਾ ਕੇ ਪੇਸ਼ ਕਰਦੇ ਹਨ। ਮਿਰਚ ਮਸ਼ਾਲਾ ਲਗਾ ਕੇ ਪਰੋਸੀਆਂ ਜਾਂ ਰਹੀਆਂ ਖ਼ਬਰਾਂ ਦੀ ਪੇਸ਼ਕਾਰੀ ਸਮੇਂ ਅਕਸਰ ਇਹ ਖਿਆਲ ਵੀ ਨਹੀਂ ਰੱਖਿਆ ਜਾਂਦਾ ਕਿ ਇਸ ਦਾ ਨੌਜਵਾਨਾਂ ਜਾਂ ਸਮਾਜ ਦੇ ਲੋਕਾਂ ਉੱਪਰ ਕੀ ਅਸਰ ਪਵੇਗਾ। ਲੁੱਟਮਾਰ, ਕਤਲੇਆਮ, ਧੋਖਾਧੜੀ, ਬਲਾਤਕਾਰ ਵਰਗੀਆਂ ਖ਼ਬਰਾਂ ਦੀ ਪੇਸ਼ਕਾਰੀ ਸਮੇਂ ਸਮਾਜਿਕ ਮਾਣ-ਮਰਿਆਦਾ ਦੀ ਵੀ ਪ੍ਰਵਾਹ ਘੱਟ ਹੀ ਕੀਤੀ ਜਾਂਦੀ ਹੈ। ਅੰਧ ਵਿਸ਼ਵਾਸ਼ ਤੇ ਪੁਨਰਜਨਮ ਵਰਗੀਆਂ ਤਕਰਹੀਣ ਘਟਨਾਵਾਂ ਨੂੰ ਫਜ਼ੂਲ ਹੀ ਉਭਾਰਿਆ ਜਾਂਦਾ ਹੈ। ਅਜਿਹੇ ਕਾਰਨਾ ਸਦਕਾ ਜ਼ਿਆਦਾ ਪ੍ਰੋਗਰਾਮਾਂ ਦਾ ਮਿਆਰ ਬੇਹੱਦ ਨੀਵਾਂ ਹੋ ਗਿਆ ਹੈ, ਜਿਸ ਨੂੰ ਪ੍ਰੀਵਾਰ 'ਚ ਬੈਠਕੇ ਵੇਖਣ ਮੁਸ਼ਕਿਲ ਹੁੰਦਾ ਹੈ। ਮਨੋਰੰਜਨ ਦੇ ਨਾਂ ਹੇਠ ਫੈਲਾਈ ਜਾ ਰਹੀ ਲੱਚਰਤਾ ਨੂੰ ਮਾਂ-ਧੀ ਤੇ ਪਿਓ ਪੁੱਤਰ ਇਕੱਠਿਆਂ ਬੈਠ ਕੇ ਨਹੀਂ ਵੇਖ ਸਕਦੇ। ਅਜਿਹੇ ਕਾਰਨਾਂ ਸਦਕਾ ਲੋਕ ਟੀ.ਵੀ. ਦੇ ਚੁਣਵੇਂ ਪ੍ਰੋਗਰਾਮਾਂ ਨੂੰ ਛੱਡ ਕੇ ਰੇਡੀਓ ਤੇ ਟੇਕ ਰੱਖਣ ਲੱਗੇ ਨੇ। ਰੇਡੀਓ ਵੱਲ ਵਧਦੇ ਰੁਝਾਨ ਦਾ ਇੱਕ ਕਾਰਨ ਇਹ ਵੀ ਹੈ ਕਿ ਟੀ.ਵੀ. ਸਾਹਮਣੇ ਬੈਠਕੇ ਪ੍ਰੋਗਰਾਮ ਵੇਖਣੇ ਪੈਂਦੇ ਨੇ ਜਦਕਿ ਰੇਡੀਓ ਸਿਰਫ਼ ਸੁਣਨ ਕਰਕੇ ਕੰਮ ਛੱਡ ਕੇ ਬੈਠਣਾ ਨਹੀਂ ਪੈਂਦਾ। ਐਫ਼.ਐਮ. ਚੈਨਲਾਂ ਨੇ ਵੀ ਰੇਡੀਓ ਦੀ ਹਰਮਨਪਿਆਰਤਾ ਵਧਾਈ ਹੈ। ਜੇਕਰ ਰੇਡੀਓ ਚੈਨਲਾਂ ਦੇ ਪ੍ਰਬੰਧਕਾਂ ਨੇ ਸਰੋਤਿਆਂ ਦੀ ਪਸੰਦ ਵੱਲ ਹੋਰ ਵੀ ਤਵੱਜੋਂ ਦਿੱਤੀ ਅਤੇ ਟੀ.ਵੀ. ਚੈਨਲਾਂ ਨੇ ਨੰਗੇਜ਼ਵਾਦ ਤੇ ਅਸ਼ਲੀਲਤਾ ਦੀ ਹੋੜ ਤੋਂ ਤੋਬਾ ਨਾ ਕੀਤੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਟੀ.ਵੀ. ਡਰਾਇੰਗ ਰੂਮਾਂ 'ਚ ਸ਼ੋਅ ਪੀਸ ਬਣ ਜਾਣਗੇ ਤੇ ਪ੍ਰੀਵਾਰ ਰੇਡੀਓ ਪ੍ਰੋਗਰਾਮਾਂ ਦਾ ਆਨੰਦ ਮਾਣਿਆ ਕਰਨਗੇ। ਸਰਵੇਖਣ ਦੱਸਦਾ ਹੈ ਕਿ ਰੇਡਿਓ ਇਸ ਸਮੇਂ ਪਿੰਡਾਂ ਦੇ 40 ਕੁ ਫੀਸਦੀ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਰਹੇ ਨੇ, ਜੋ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਟੀ.ਵੀ. ਚੈਨਲਾਂ ਦੇ ਪ੍ਰਬੰਧਕਾਂ ਲਈ ਇਹ ਤਬਦੀਲੀ ਖ਼ਤਰੇ ਦੀ ਘੰਟੀ ਹੈ। ਜ਼ਿਆਦਾ ਤਰ ਪ੍ਰਵਾਸੀ ਮਜ਼ਦੂਰ ਪੰਜਾਬ 'ਚ ਮਜ਼ਦੂਰੀ ਕਰਨ ਲਈ ਆਉਣ ਸਮੇਂ ਰੇਡੀਓ ਸੁਣ ਕੇ ਮਨ ਪ੍ਰਚਾਵਾ ਕਰਦੇ ਹਨ। ਦੂਸਰੇ ਪਾਸੇ ਇੰਟਰਨੈਟ 'ਤੇ ਵੀ ਵੱਖ-ਵੱਖ ਦੇਸ਼ਾਂ ਤੋਂ ਰੇਡੀਓ ਹੋਂਦ ਵਿੱਚ ਆਏ ਹਨ। ਜਿਨ੍ਹਾਂ ਨੂੰ ਸਰੋਤੇ ਇੰਟਰਨੈਟ ਦੇ ਜ਼ਰੀਏ ਆਪਣੇ ਕੰਪਿਊਟਰ, ਲੈਪਟੌਪ, ਆਈਫੋਨ ਅਤੇ ਬਲੈਕ ਬੇਰੀ ਫੋਨ 'ਤੇ ਰੇਡੀਓ ਦੀ ਵੈੱਬਸਾਇਟ ਖੋਲ੍ਹ ਕੇ ਸੁਣਦੇ ਹਨ। ਇੰਟਰਨੈਟ ਰੇਡੀਓ 'ਤੇ ਵੀ ਜ਼ਿਆਦਾਤਰ ਪੰਜਾਬ, ਪੰਜਾਬੀਅਤ 'ਤੇ ਧਾਰਮਿਕ ਪ੍ਰੋਗਰਾਮ ਦਿੰਦੇ ਹਨ ਆਸਟ੍ਰੇਲੀਆ ਤੋਂ ਚੱਲਦੇ 'ਕੌਮੀ ਅਵਾਜ' ਰੇਡੀਓ ਦਾ ਪਿੰਡਾਂ ਦੀਆਂ ਸੱਥਾਂ ਨਾਲ ਸਬੰਧਿਤ ਪ੍ਰੋਗਰਾਮ 'ਮੇਰਾ ਪਿੰਡ' ਦੀ ਨੈਟ 'ਤੇ ਚਰਚਾ ਚੱਲਦੀ ਰਹਿੰਦੀ ਹੈ ਤੇ ਅੱਜ ਕੱਲ ਨੌਜਵਾਨ ਇੰਟਰਨੈਟ ਕੰਪਿਊਟਰ 'ਤੇ ਆਪਣਾ ਕੰਮ-ਕਾਜ ਕਰਨ ਦੇ ਨਾਲ-ਨਾਲ ਇੰਟਰਨੈਟ ਰੇਡੀਓ 'ਤੇ ਮਨੋਰੰਜਨ ਭਰਪੂਰ ਤੇ ਚੰਗੀ ਸੇਧ ਦੇਣ ਵਾਲੇ ਪ੍ਰਗਰਾਮ ਸੁਣਦੇ ਹਨ। ਅਸ਼ਲੀਲਤਾ ਤੋਂ ਅੱਕ ਕੇ ਦੁਬਾਰਾ ਫ਼ਿਰ ਲੋਕਾਂ ਵੱਲੋਂ ਰੇਡੀਓ ਵੱਲ ਮੁੜਨ ਨਾਲ ਨਵੀਂ ਕ੍ਰਾਂਤੀ ਆਵੇਗੀ।



ਸੁਖਜੀਵਨ ਸਿੰਘ ਕੁੱਸਾ
098768-54471

'ਮਹਿਕ ਵਤਨ ਦੀ' ਗਰੁੱਪ ਵੱਲੋਂ ਪ੍ਰਕਾਸ਼ਿਤ ਪੁਸਤਕਾ

Contact for more Information:
Bhawandeep Singh Purba (+91) -9988-92-9988




ਸਿਰਫ ਡਾਕ ਖਰਚ 50/- | ਕੀਮਤ 90/- | ਕੀਮਤ 80/- | ਕੀਮਤ 80/- | ਕੀਮਤ 90/- | ਕੀਮਤ 60/-

'ਮਹਿਕ ਵਤਨ ਦੀ' ਵੱਲੋ ਆਪਣੀਆ ਪੁਸਤਕਾ ਛਪਵਾਉ। ਤੁਹਾਡੀ ਪੁਸਤਕ ਸਿਰਫ 15 ਦਿਨਾ ਵਿੱਚ ਛਪ ਕੇ ਮਾਰਕੀਟ ਵਿੱਚ ਉਪਲਬਧ ਹੋਵੇਗੀ। 'ਮਹਿਕ ਵਤਨ ਦੀ' ਵੱਲੋ ਪ੍ਰਕਾਸ਼ਿਤ ਪੁਸਤਕਾ ਦੀਆ ਇਗਜੀਵੇਸ਼ਨ ਵੀ ਲੱਗਦੀਆ ਹਨ ਅਤੇ ਇਨ੍ਹਾ ਪੁਸਤਕਾ ਦੀ ਪੇਪਰ ਵਿੱਚ ਕਵਰੇਜ ਅਤੇ ਐਡ ਵੀ ਲੱਗਦੀ ਹੈ।

'ਮਹਿਕ ਵਤਨ ਦੀ' ਪੇਪਰ ਦੇ ਪਾਠਕਾ ਲਈ ਉਪਰੋਕਤ ਪੁਸਤਕਾ ਡਾਕ ਖਰਚ ਤੋ ਬਗੈਰ ਉਪਲਬਧ ਹੋਣਗੀਆ। ਪੁਸਤਕਾ ਮੰਗਵਾਉਣ ਲਈ ਰਕਮ ਚੈਕ, ਡਰਾਫਟ ਜਾ ਮਨੀਆਰਡਰ ਰਾਹੀ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜੋ, ਜੋ ਮੋਗਾ (ਪੰਜਾਬ) ਵਿੱਚ ਭੁਗਤਾਨ ਯੋਗ ਹੋਵੇ।

ਚੈਕ, ਡਰਾਫਟ ਜਾ ਮਨੀਆਰਡਰ ਇਸ ਪਤੇ ਤੇ ਭੇਜੋ: 'ਮਹਿਕ ਵਤਨ ਦੀ' 1195, ਅਜੀਤ ਨਗਰ ਮੋਗਾ-142 001 (ਪੰਜਾਬ)